| ਮਰੀਜ਼ ਲਈ ਹਿਦਾਇਤਾਂ |
| --- |
| ***ਕਲੈਮੀਡੀਆ (Chlamydia) ਅਤੇ ਨੇਇਸੇਰਿਆ ਗੋਨੋਰਹੋਈ* (Neisseria gonorrhoeae) (GC) ਲਈ ਮੁੱਤਰ** |

ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ ਨੇ ਇੱਕ ਮੁਤਰ ਦੇ ਨਮੂਨੇ ਲਈ ਬੇਨਤੀ ਕੀਤੀ ਹੈ।
ਇੱਕ ਸਟੀਕ ਲੈਬਾਰਟ੍ਰੀ ਜਾਂਚ ਦੇ ਸਿੱਟੇ ਲਈ, ਇਨ੍ਹਾਂ ਹਿਦਾਇਤਾਂ ਦੀ ਸਟੀਕਤਾ ਨਾਲ ਪਾਲਣਾ ਕਰੋ।

**ਨਮੂਨਾ ਲੈਣਾ**

1. ਨਮੂਨਾ ਲੈਣ ਤੋਂ ਪਹਿਲਾਂ 1 ਘੰਟੇ ਲਈ ਮੁਤਰ ਨਾ ਕਰੋ।
2. ਲੈਬਾਰਟ੍ਰੀ ਦੁਆਰਾ ਪ੍ਰਦਾਨ ਕੀਤੇ ਡੱਬੇ ਤੇ 30 ਮਿ.ਲੀ. ਪੱਧਰ ਦਾ ਨਿਸ਼ਾਨ ਹੁੰਦਾ ਹੈ। ਕੀਤੇ ਗਏ ਮੁਤਰ ਦੇ **ਪਹਿਲੇ 30 ਮਿ.ਲੀ.** ਨੂੰ ਇਕੱਤਰ ਕਰੋ। ਮੁਤਰ ਦੀ ਧਾਰ ਦੇ ਪਹਿਲੇ ਹਿੱਸੇ ਨੂੰ ਇਕੱਤਰ ਕਰਨਾ ਮਹਤੱਵਪੂਰਣ ਹੁੰਦਾ ਹੈ। ਵਿਚਲੇ ਵਹਾ ਵਾਲਾ ਮੁਤਰ ਸਵੀਕਾਰਯੋਗ ਨਹੀਂ ਹੁੰਦਾ।
3. 60 ਮਿ.ਲੀ. ਤੋਂ ਵੱਧ ਮੁਤਰ ਪ੍ਰਦਾਨ ਕਰਨਾ ਜਾਂਚ ਦੇ ਸਿੱਟਿਆਂ ਨੂੰ ਪ੍ਰਭਾਵਿਤ ਕਰੇਗਾ।
**ਜੇ 60 ਮਿ.ਲੀ. ਤੋਂ ਜ਼ਿਆਦਾ ਇਕੱਤਰ ਹੋ ਜਾਂਦਾ ਹੈ, ਤਾਂ 1 ਘੰਟੇ ਲਈ ਉਡੀਕ ਕਰੋ ਅਤੇ ਫੇਰ ਮੁਤਰ ਦੇ ਨਮੂਨੇ ਨੂੰ ਮੁੜ ਇਕੱਤਰ ਕਰੋ।**

**ਲੇਬਲ ਲਗਾਉਣਾ**

1. ਆਪਣੇ ਨਾਂ, ਜਨਮ ਮਿਤੀ, ਅਤੇ ਇਕੱਤਰਨ ਦੀ ਮਿਤੀ ਦੇ ਨਾਲ ਡੱਬੇ ਤੇ ਲੇਬਲ ਲਗਾਓ।

**ਪੈਕ ਕਰਨਾ**

1. ਪ੍ਰਦਾਨ ਕੀਤੇ ਗਏ ਬੈਗ ਵਿੱਚ ਡੱਬੇ ਨੂੰ ਰੱਖੋ ਅਤੇ ਬੈਗ ਨੂੰ ਸੁਰੱਖਿਅਤ ਢੰਗ ਨਾਲ ਬੰਦ ਕਰੋ।
2. ਕਿਸੇ ਵੀ ਕਾਗਜਾਤ ਨੂੰ ਮੋੜੋ ਅਤੇ ਨਮੂਨੇ ਦੇ ਟ੍ਰਾਂਸਪੋਰਟ ਬੈਗ ਦੀ ਬਾਹਰੀ ਜੇਬ ਵਿੱਚ ਰੱਖੋ। ਇਹ ਯਕੀਨੀ ਬਣਾਉਂਦਾ ਹੈ ਕਿ ਕਾਗਜਾਤ ਤੇ ਨਮੂਨੇ ਦਾ ਰਿਸਾਵ ਨਾ ਹੋਵੇ।

**ਭੰਡਾਰਨ ਅਤੇ ਟ੍ਰਾਂਸਪੋਰਟ**

1. ਡੱਬੇ ਨੂੰ ਫਰਿੱਜ ਵਿੱਚ ਰੱਖੋ ਅਤੇ ਨਮੂਨਾ ਲੈਣ ਵਾਲੇ ਦਿਨ ਨੂੰ ਹੀ ਲੈਬਾਰਟ੍ਰੀ ਵਿੱਚ ਲਿਆਓ।